# ਟੱਟੀ ਦੇ ਨਮੂਨੇ ਲੈਣੇ
## ਜੀਵਾਣੂ-ਵਿਗਿਆਨ ਲਈ

# *ਮਰੀਜ਼ ਲਈ ਨਿਰਦੇਸ਼*

*(ਨਿਰਦੇਸ਼ ਦੂਜੀਆਂ ਭਾਸ਼ਾਵਾਂ ਵਿੱਚ ਉਪਲਬਧ ਹਨ। www.lifelabs.com ਦੇਖੋ)*

**ਤੁਹਾਨੂੰ ਹੇਠਾਂ ਦੱਸਿਆਂ ਵਿੱਚੋਂ ਇੱਕ ਜਾਂ ਵੱਧ ਡੱਬੀਆਂ ਦਿੱਤੀਆਂ ਗਈਆਂ ਹਨ:**

ਟੱਟੀ ਕਲਚਰ ਆਵਾਜਾਈ ਮਾਧਿਅਮ, ਕੈਰੀ ਬਲੇਅਰ (ਗੁਲਾਬੀ ਤਰਲ)
ਫਿਕਸੇਟਿਵ SAF, ਓਵਾ ਅਤੇ ਪੈਰਾਸਾਈਟਸ ਲਈ ਟੱਟੀ ਆਵਾਜਾਈ ਮਾਧਿਅਮ (ਸਾਫ਼ ਤਰਲ)
ਸਾਫ਼ ਸ਼ੀਸ਼ੀ (ਕੋਈ ਤਰਲ ਨਹੀਂ)

**ਤਰਲ ਨੂੰ ਸੁੱਟੋ ਨਹੀਂ।**
**ਦਿੱਤੀਆਂ ਗਈਆਂ ਸਾਰੀਆਂ ਡੱਬੀਆਂ ਭਰੋ।**



**1** ਜੇ ਲੋੜ ਹੋਵੇ ਤਾਂ ਟਾਇਲਟ ਵਿੱਚ ਪਿਸ਼ਾਬ ਕਰੋ।




**2** ਟਾਇਲਟ ਦੀ ਸੀਟ ਨੂੰ ਚੁੱਕੋ। ਪਲਾਸਟਿਕ ਸ਼ੀਟਾਂ (ਜਿਵੇਂ ਕਿ Saran Wrap™) ਨੂੰ ਟਾਇਲਟ ਦੇ ਕਟੋਰੇ 'ਤੇ ਰੱਖੋ, ਵਿਚਕਾਰੋਂ ਥੋੜ੍ਹਾ ਝੁਕਿਆ ਹੋਇਆ ਛੱਡ ਦਿਓ। ਟਾਇਲੇਟ ਸੀਟ ਨੂੰ ਹੇਠਾਂ ਰੱਖੋ। ਪਲਾਸਟਿਕ ਦੀ ਸ਼ੀਟ 'ਤੇ ਟੱਟੀ ਕਰੋ।



ਜਾਂ



**3** ਵਿਕਲਪਕ ਤੌਰ 'ਤੇ, ਕਿਸੇ ਸਾਫ਼ ਪਿਆਲੇ ਜਾਂ ਜੀਵਾਣੂਹੀਣ ਬੈਡਪੈਨ (ਬਿਮਾਰ ਵਿਅਕਤੀ ਦੀ ਟੱਟੀ ਲਈ ਭਾਂਡੇ) ਦੀ ਵਰਤੋਂ ਕਰੋ। ਪਿਸ਼ਾਬ ਜਾਂ ਪਾਣੀ ਨੂੰ ਟੱਟੀ ਨਾਲ ਨਾ ਛੂਹਣ ਦਿਓ।




**4** ਢੱਕਣ ਨਾਲ ਜੁੜੇ ਚਮਚ ਦੀ ਵਰਤੋਂ ਕਰਦੇ ਹੋਏ, ਟੱਟੀ ਦੇ ਖ਼ੂਨ ਨਾਲ ਭਰੇ ਜਾਂ ਪਤਲੇ/ਸਫੇਦ (ਲੇਸਦਾਰ) ਖੇਤਰਾਂ ਨੂੰ (ਜੇ ਮੌਜੂਦ ਹੋਣ) ਡੱਬੀ ਵਿੱਚ ਰੱਖੋ। ਡੱਬੀ(ਡੱਬੀਆਂ) ਨੂੰ ਲੋੜ ਤੋਂ ਵੱਧ ਨਾ ਭਰੋ।



**5** ਤਰਲ ਵਾਲੀ ਡੱਬੀ(ਡੱਬੀਆਂ) ਵਿੱਚ: ਟੱਟੀ ਦੇ 2-3 ਚਮਚ ਪਾਉ ਜਦੋਂ ਤਕ ਤਰਲ "ਭਰਨ ਦੀ ਲਾਈਨ" ਤਕ ਨਾ ਪਹੁੰਚ ਜਾਵੇ। ਢੱਕਣ (ਢੱਕਣਾਂ) ਨੂੰ ਕੱਸ ਦਿਓ। ਖ਼ਾਲੀ ਸਾਫ਼ ਡੱਬੀ ਵਿੱਚ (ਜੇ ਦਿੱਤੀ ਗਈ ਹੋਵੇ): ਟੱਟੀ ਨੂੰ "ਭਰਨ ਦੀ ਲਾਈਨ" ਤਕ ਭਰੋ ਅਤੇ ਢੱਕਣ ਨੂੰ ਕੱਸ ਦਿਓ।



**6** ਸਮੱਗਰੀ ਨੂੰ ਮਿਲਾਉਣ ਲਈ ਤਰਲ ਵਾਲੀ ਡੱਬੀ(ਡੱਬੀਆਂ) ਨੂੰ ਹਿਲਾਓ।



**7** ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋ ਲਵੋ। ਹਰ ਇੱਕ ਡੱਬੀ 'ਤੇ ਨਾਮ, ਜਨਮ ਮਿਤੀ ਜਾਂ ਸਿਹਤ ਕਾਰਡ ਨੰਬਰ ਅਤੇ ਨਮੂਨਾ ਲੈਣ ਦੀ ਮਿਤੀ ਅਤੇ ਸਮਾਂ ਲਿਖੋ। ਡੱਬੀ(ਡੱਬੀਆਂ) ਨੂੰ ਪਲਾਸਟਿਕ ਦੇ ਬੈਗ (ਬੈਗਾਂ) ਵਿੱਚ ਰੱਖੋ।




**8** ਨਮੂਨਾ ਲੈਣ ਦੇ 24 ਘੰਟੇ ਦੇ ਅੰਦਰ ਡੱਬੀ(ਡੱਬੀਆਂ) ਨੂੰ ਪ੍ਰਯੋਗਸ਼ਾਲਾ ਵਿੱਚ ਵਾਪਸ ਲਿਆਓ। ਦੇਰੀ ਕਰਨ ਨਾਲ ਜਾਂਚ ਦੇ ਨਤੀਜਿਆਂ 'ਤੇ ਅਸਰ ਪੈ ਸਕਦਾ ਹੈ। ਜਦੋਂ ਤਕ ਨਮੂਨਿਆਂ ਨੂੰ ਪ੍ਰਯੋਗਸ਼ਾਲਾ ਵਿੱਚ ਨਹੀਂ ਲਿਆਇਆ ਜਾ ਸਕਦਾ ਹੈ, ਉਹਨਾਂ ਨੂੰ ਹੇਠਾਂ ਲਿਖੇ ਅਨੁਸਾਰ ਭੰਡਾਰਿਤ ਕਰੋ:
ਕਲਚਰ (ਗੁਲਾਬੀ ਤਰਲ) - ਫ੍ਰਿਜ ਵਿੱਚ ਰੱਖੋ
SAF (ਸਾਫ਼ ਤਰਲ) – ਕਮਰੇ ਦੇ ਤਾਪਮਾਨ 'ਤੇ
ਸਾਫ਼ (ਕੋਈ ਤਰਲ ਨਹੀਂ) - ਫ੍ਰਿਜ ਵਿੱਚ ਰੱਖੋ